
# ‘ਸਿਰ ਦੀਜੈ, ਕਾਣਿ ਨ ਕੀਜੈ’ ਇਤਿਹਾਸਕ ਨਾਟਕਾਂ ਦੇ ਸੰਦਰਭ ਵਿਚ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਸਿੱਖ ਇਤਿਹਾਸ ਨਾਲ ਜੁੜਦੇ ਨਾਟਕਾਂ ਵਿਚ ਸ਼ਰਧਾ ਅਤੇ ਵਿਗਿਆਨਕ ਸੋਚ ਦੇ ਆਪਸੀ ਵਿਰੋਧੀ ਅੰਸ਼ ਆਮ ਵੇਖਣ ਨੂੰ ਮਿਲਦੇ ਹਨ। ਇਨ੍ਹਾਂ ਬਾਰੇ ਵਿਚਾਰ-ਵਟਾਂਦਰਾ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਨਾਟਕਾਂ ਦੀ ਸਾਰਥਕਤਾ ਤਾਂ ਹੀ ਕਾਇਮ ਹੁੰਦੀ ਹੈ ਜੇ ਇਸ ਮੁੱਦੇ ਨੂੰ ਦਲੀਲ ਦੇ ਪੱਖ ਤੋਂ ਹੱਲ ਕੀਤਾ ਜਾਏ। ਗੁਰਦੁਆਰੇ ਵਿਚ ਕੋਈ ਸਾਖੀ ਸੁਣਨਾ ਜਾਂ ਸੁਣਾਉਣਾ ਹੋਰ ਗੱਲ ਹੈ ਅਤੇ ਥੀਏਟਰ ਵਿਚ ਉਹੀ ਗੱਲ ਪੇਸ਼ ਹੋਣੀ ਹੋਰ ਗੱਲ ਹੈ। ਦੋਵਾਂ ਸਥਿਤੀਆਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਇਹਦੀ ਇਕ ਮਿਸਾਲ 1 ਦਸੰਬਰ, 1999 ਨੂੰ ਟੈਗੋਰ ਥੀਏਟਰ, ਚੰਡੀਗੜ੍ਹ ਵਿਖੇ ਸਰਘੀ ਕਲਾ ਕੇਂਦਰ ਮੁਹਾਲੀ ਵਲੋਂ ਲੇਖਕ-ਨਿਰਦੇਸ਼ਕ ਸੰਜੀਵਨ ਸਿੰਘ ਦਾ ਬਾਬਾ ਦੀਪ ਸਿੰਘ ਜੀ ਦੇ ਜੀਵਨ ਉਤੇ ਆਧਾਰਿਤ ਨਾਟਕ ‘ਸਿਰ ਦੀਜੈ, ਕਾਣਿ ਨ ਕੀਜੈ’ ਹੈ।

ਇਤਿਹਾਸ ਲਿਖਣ ਵਾਲਿਆਂ ਨੇ ਬਾਬਾ ਦੀਪ ਸਿੰਘ ਜੀ ਬਾਰੇ ਲਿਖਿਆ ਹੈ ਕਿ ਅਬਦਾਲੀ ਦੇ ਹਮਲੇ ਵੇਲੇ ਅੰਮ੍ਰਿਤਸਰ ਹਰਮੰਦਿਰ ਸਾਹਿਬ ਦੇ ਸਰੋਵਰ ਨੂੰ ਪੂਰ ਦਿੱਤਾ ਗਿਆ ਸੀ। ਸਿੱਖਾਂ ਨੇ ਤਹੱਈਆ ਕੀਤਾ ਸੀ ਕਿ ਹਰਮੰਦਿਰ ਸਾਹਿਬ ਨੂੰ ਅਬਦਾਲੀ ਦੀਆਂ ਫੌਜਾਂ ਤੋਂ ਖਾਲੀ ਕਰਵਾਉਣਾ ਹੈ। ਬਾਬਾ ਦੀਪ ਸਿੰਘ ਜੀ ਨੇ ਇਹ ਅਰਦਾਸ ਕੀਤੀ ਸੀ ਕਿ ਉਹ ਹਰਮੰਦਿਰ ਸਾਹਿਬ ਜ਼ਰੂਰ ਪੁੱਜਣਗੇ। ਅੰਮ੍ਰਿਤਸਰ ਤੋਂ ਬਾਹਰ ਹੋਏ ਯੁੱਧ ਵਿਚ ਭਾਵੇਂ ਉਨ੍ਹਾਂ ਦਾ ਸੀਸ ਧੜ ਤੋਂ ਵੱਖ ਹੋ ਗਿਆ ਪਰ ਉਹ ਆਪਣਾ ਸੀਸ ਤਲੀ ਉਤੇ ਟਿਕਾ ਕੇ ਹਰਮਿੰਦਰ ਸਾਹਿਬ ਪੁੱਜੇ ਅਤੇ ਆਪਣੀ ਅਰਦਾਸ ਪੂਰੀ ਕੀਤੀ।

ਅੰਮ੍ਰਿਤਸਰ ਦਾ ਜੰਮਪਲ ਹੋਣ ਕਰ ਕੇ ਦਰਬਾਰ ਸਾਹਿਬ ਜ਼ਰੂਰ ਜਾਈਦਾ ਸੀ ਅਤੇ ਪਰਿਕਰਮਾ ਵਿਚ ਉਨ੍ਹਾਂ ਦੇ ਅਸਥਾਨ ਉਤੇ ਵੱਡੇ ਆਕਾਰ ਦੀ ਤਸਵੀਰ ਅੱਗੇ ਮੱਥਾ ਟੇਕਣਾ ਇਕ ਸੁਭਾਗ ਹੁੰਦਾ ਸੀ। ਸੀਸ ਤਲੀ ਉਤੇ ਟਿਕੇ ਹੋਣ ਵਾਲੀ ਉਨ੍ਹਾਂ ਦੀ ਤਸਵੀਰ ਬੜੀ ਪ੍ਰਭਾਵਸ਼ਾਲੀ ਸੀ। ਹੁਣ ਵੀ ਸਿਰ ਝੁਕਦਾ ਹੈ। ਥੋੜ੍ਹੇ ਵਰ੍ਹੇ ਹੋਏ, ਖਾਲਸਾ ਕਾਲਜ ਸਕੂਲ ਅਤੇ ਕਾਲਜ ਵਿਚ ਪ੍ਰੋ. ਸਾਹਿਬ ਸਿੰਘ ਜੀ ਕੋਲੋਂ ਪੜ੍ਹਦੇ ਹੋਏ ਇਸ ਬੀਰਗਾਥਾ ਦੀ ਇਹ ਵਿਆਖਿਆ ਸਮਝ ਲੱਗੀ ਕਿ ਇਹ ਬਾਬਾ ਦੀਪ ਸਿੰਘ ਜੀ ਦੀ ਦ੍ਰਿੜ੍ਹਤਾ ਅਤੇ ਇਰਾਦੇ ਦੀ ਜਿੱਤ ਸੀ ਕਿ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਕੇ ਵੀ, ਧੌਣ ਉਤੇ ਕਈ ਵਾਰ ਸਹਿੰਦੇ ਹੋਏ ਵੀ ਆਪਣੀ ਅਰਦਾਸ ਪੂਰੀ ਕਰਨ ਵਿਚ ਸਫਲ ਹੋਏ। ਉਨ੍ਹਾਂ ਦੇ ਇਰਾਦੇ ਦੀ ਸ਼ਕਤੀ ਇਸ ਵਿਗਿਆਨਕ ਸੱਚ ਨਾਲ ਟੱਕਰ ਵਿਚ ਨਹੀਂ ਆਉਂਦੀ ਕਿ ਮਨੁੱਖ ਦਾ ਧੜ ਜਦੋਂ ਸਰੀਰ ਨਾਲੋਂ ਵੱਖ ਹੋ ਜਾਏ ਤਾਂ ਉਹ ਜੀਅ ਨਹੀਂ ਸਕਦਾ। ‘ਸਿਰ ਦੀਜੈ, ਕਾਣਿ ਨ ਕੀਜੈ’ ਦੀ ਇਹੀ ਸਹੀ ਵਿਆਖਿਆ ਹੈ।

ਇਹ ਬੀਰਗਾਥਾ ਇਕ ਸ਼ਕਤੀਸ਼ਾਲੀ ਨਾਟਕ ਦਾ ਵਿਸ਼ਾ ਹੈ, ਪਰ ਇਹ ਨਾਟਕ ਤਾਂ ਹੀ ਬਣੇਗਾ ਜੇ ਇਹ ਨਾਟਕ ਦੀਆਂ ਲੋੜਾਂ ਨੂੰ ਪੂਰਾ ਕਰੇਗਾ। ਇਸ ਵਿਚ ਨਾਟਕੀ ਟੱਕਰ ਹੋਵੇਗੀ। ‘ਸਿਰ ਦੀਜੈ, ਕਾਣਿ ਨ ਕੀਜੈ’ ਵਿਚ ਇਹ ਟੱਕਰ ਨਹੀਂ ਸੀ ਹਾਲਾਂਕਿ ਸਿਰਲੇਖ ਆਪਣੇ ਆਪ ਟੱਕਰ ਵਾਲਾ ਬਣਦਾ ਹੈ। ਇਹ ਨਾਟਕ ਸਿਰਫ ਇਸ ਬੀਰਗਾਥਾ ਦਾ ਵੱਖ ਵੱਖ ਅਦਾਕਾਰਾਂ ਦੀ ਜ਼ਬਾਨੀ ਇਕ ਬਿਰਤਾਂਤ ਸੀ ਅਤੇ ਬਿਰਤਾਂਤ ਵਿਚ ਵੀ ਸ਼ਰਧਾ ਦੀ ਸ਼ਬਦਾਵਲੀ ਭਾਰੂ ਸੀ। ਇਹ ਨਾਟਕ ਦੀ ਘਾਟ ਸੀ। ਇਹ ਘਾਟ ਸਿਰਫ ਇਸ ਨਾਟਕ ਵਿਚ ਨਹੀਂ, ਸਗੋਂ ਖਾਲਸਾ ਦੇ ਜਨਮ ਦੇ ਤਿੰਨ ਸੌ ਸਾਲਾ ਉਤਸਵ ਬਾਰੇ ਖੇਡੇ ਗਏ ਬਹੁਤੇ ਨਾਟਕਾਂ ਅਤੇ ਫਿਲਮਾਂ ਵਿਚ ਵੀ ਮਹਿਸੂਸ ਹੋਈ ਹੈ।

ਇਤਿਹਾਸ ਦਾ ਸ਼ਰਧਾਤਮਕ ਬਿਰਤਾਂਤ ਕਲਾ ਦੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਦਾ। ਨਾਟਕ ਜਾਂ ਫਿਲਮ ਕਲਾ ਦਾ ਆਪਣਾ ਮੁਹਾਵਰਾ ਹੈ ਅਤੇ ਇਸ ਮੁਹਾਵਰੇ ਦਾ ਖਿਆਲ ਰੱਖਣਾ ਜ਼ਰੂਰੀ ਹੈ। ਸੰਸਾਰ ਪ੍ਰਸਿੱਧ ਫਿਲਮਾਂ ਅਤੇ ਆਪਣੇ ਦੇਸ਼ ਵਿਚ ਲਿਖੇ ਇਤਿਹਾਸਕ ਨਾਟਕ ਇਹਦੀਆਂ ਮਿਸਾਲਾਂ ਹਨ। ਸਿੱਖ ਇਤਿਹਾਸ ਨਾਲ ਜੁੜਦੇ ਸਵਰਗੀ ਗੁਰਦਿਆਲ ਸਿੰਘ ਫੁੱਲ ਦੇ ਨਾਟਕ ‘ਸਭ ਕਿਛੁ ਹੋਤ ਉਪਾਇ’, ‘ਜਿਨੁ ਸਚਿ ਪਲੈ ਹੋਇ’, ‘ਨਾਨਕ ਨਦਰੀ ਨਦਰ ਨਿਹਾਲ’। ‘ਇਹ ਲਹੂ ਕਿਸ ਦਾ ਹੈ?’ ਅਤੇ ‘ਬੰਦਾ ਬਹਾਦੁਰ’ ਇਹਦੀਆਂ ਮਿਸਾਲਾਂ ਹਨ।

ਗੁਰਦਿਆਲ ਸਿੰਘ ਫੁੱਲ ਬਾਣੀ ਦੇ ਤੱਤ ਨੂੰ ਵੀ ਪੂਰੀ ਤਰ੍ਹਾਂ ਜਾਣਦੇ ਸਨ ਅਤੇ ਨਾਟਕ ਦੀ ਕਲਾ ਉਤੇ ਵੀ ਉਨ੍ਹਾਂ ਦੀ ਪੂਰੀ ਪਕੜ ਸੀ। ਇਸ ਸਿਲਸਿਲੇ ਵਿਚ ਇਨ੍ਹਾਂ ਨਾਟਕਾਂ ਦੀ ਸੰਖੇਪ ਚਰਚਾ ਕੀਤੀ ਜਾ ਰਹੀ ਹੈ ਤਾਂ ਜੋ ਵਿਚਾਰ-ਅਧੀਨ ਨੁਕਤੇ ਦੀ ਵਿਆਖਿਆ ਹੋ ਸਕੇ।

‘ਸਭ ਕਿਛੁ ਹੋਤ ਉਪਾਇ’ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਦੀ ਪੰਜਾਬ ਦੀ ਸਮਾਜਿਕ ਅਤੇ ਰਾਜਨੀਤਕ ਹਾਲਤ ਨੂੰ ਪੇਸ਼ ਕਰਦਾ ਹੈ। ਮੁਗਲ ਰਾਜ ਦੇ ਔਰੰਗਜ਼ੇਬੀ ਦੌਰ ਵਿਚ ਧਾਰਮਿਕ ਦਹਿਸ਼ਤ ਹੈ, ਜਦੋਂ ਕਿ ਇਸਲਾਮੀ ਅਕੀਦੇ ਵਾਲੇ ਲੋਕ ਹੀ ਸਨਮਾਨ ਨਾਲ ਜਿਉਂ ਸਕਦੇ ਹਨ। ਹਿੰਦੂ ਧਰਮ ਵਾਲਿਆਂ ਨੂੰ ਥਾਂ-ਥਾਂ ਅਪਮਾਨਿਤ ਕੀਤਾ ਜਾਂਦਾ ਹੈ। ਉਸ ਵੇਲੇ ਆਨੰਦਪੁਰ ਸਾਹਿਬ ਇਕ ਅਜਿਹਾ ਕੇਂਦਰ ਹੋਂਦ ਵਿਚ ਆਉਂਦਾ ਹੈ, ਜੋ ਹਰ ਕਿਸਮ ਦੇ ਜਬਰ ਵਿਰੁਧ ਸੰਘਰਸ਼ ਦਾ ਚਿੰਨ੍ਹ ਹੈ। ਨਾਟਕ ਵਿਚ ਇਹ ਜੁਗਤੀ ਵਰਤੀ ਗਈ ਹੈ ਕਿ ਗੁਰੂ ਸਾਹਿਬ ਦੀ ਹਾਜ਼ਰੀ ਇਕ ਤੰਬੂ ਵਿਚ ਸਥਾਪਤ ਹੁੰਦੀ ਹੈ। ਗੁਰੂ ਦਾ ਇਕ ਸਿੰਘ ਜੋ ਇਸ ਤੰਬੂ ਦੇ ਬਾਹਰ ਪਹਿਰੇਦਾਰ ਹੈ, ਉਹ ਗੁਰੂ ਸਾਹਿਬ ਦੇ ਬਾਗੀ ਫਲਸਫੇ ਦਾ ਬੁਲਾਰਾ ਹੋ ਨਿਬੜਦਾ ਹੈ। ਨਾਟਕ ਦੀ ਦੂਜੀ ਕਾਰਜ-ਥਾਂ ਆਨੰਦਪੁਰ ਸਾਹਿਬ ਜਾਣ ਵਾਲੇ ਰਸਤੇ ਦੀ ਨਾਕਾਬੰਦੀ ਚੌਕੀ ਹੈ, ਜਿਥੇ ਫੌਜਦਾਰ ਵਲੋਂ ਆਨੰਦਪੁਰ ਸਾਹਿਬ ਜਾਣ ਵਾਲਿਆਂ ਉਤੇ ਹਰ ਕਿਸਮ ਦਾ ਜ਼ੁਲਮ ਢਾਹਿਆ ਜਾ ਰਿਹਾ ਹੈ। ਉਥੋਂ ਬੇਵਸੀ ਦੀ ਇਹ ਤੁਕ ਵਾਤਾਵਰਨ ਵਿਚ ਉਭਰਦੀ ਹੈ, ‘ਬਲ ਛੁਟਕਿਉ ਬੰਧਨ ਪਰੈ, ਕਛੂ ਨਾ ਹੋਤ ਉਪਾਇ’। ਨਾਟਕ ਦੀ ਸਿਖਰ ਹੈ ਜਦੋਂ ਜ਼ੁਲਮ ਦੇ ਖਿਲਾਫ ਤਲਵਾਰ ਉਠਦੀ ਹੈ ਅਤੇ ਵਾਤਾਵਰਣ ਵਿਚ ਇਹ ਆਵਾਜ਼ ਉਚੀ ਹੁੰਦੀ ਹੈ ‘ਬਲ ਹੂਆ ਬੰਧਨ ਛੁਟੈ, ਸਭ ਕਿਛੁ ਹੋਤ ਉਪਾਇ’। ਇਸ ਨਾਟਕ ਵਿਚ ਪਹਿਰੇਦਾਰ ਦੀ ਜ਼ਬਾਨੀ ਗੁਰੂ ਫਲਸਫੇ ਦੀ ਪੂਰੀ ਤਰਜਮਾਨੀ ਹੁੰਦੀ ਹੈ। ਪੰਗਤ ਵਿਚ ਬੈਠ ਕੇ ਲੰਗਰ ਖਾਣ ਦੀ ਮਹੱਤਤਾ, ਬਰਾਬਰੀ ਵਾਲੀ ਸੋਚ ਦੀ ਸ਼ਕਤੀ, ਔਰਤਾਂ ਦੀ ਇੱਜ਼ਤ ਅਤੇ ਸਵੈਮਾਨ, ਜ਼ੁਲਮ ਦੇ ਖਿਲਾਫ ਭਗੌਤੀ ਦੀ ਸ਼ਕਤੀ ਆਦਿਕ ਅਤੇ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਸਿਧਾਂਤ ਕਿ ਤਾਕਤ ਅਤੇ ਇਰਾਦੇ ਨਾਲ ਹਰ ਮੁਸ਼ਕਲ ਦਾ ਹੱਲ ਲੱਭਿਆ ਜਾ ਸਕਦਾ ਹੈ ਅਤੇ ਜਦੋਂ ਸਾਰੇ ਹੀਲੇ ਮੁੱਕ ਜਾਣ ਤਾਂ ਜ਼ੁਲਮ ਦੇ ਖਿਲਾਫ ਤਲਵਾਰ ਚੁੱਕਣੀ ਹੀ ਪੈਂਦੀ ਹੈ। ਇਸ ਨਾਟਕ ਵਿਚ ਸ਼ਰਧਾ ਕਿਸੇ ਵਿਗਿਆਨਕ ਸੱਚ ਨਾਲ ਟੱਕਰ ਵਿਚ ਨਹੀਂ ਆਉਂਦੀ। ਨਾਟਕ-ਕਲਾ ਦਾ ਮੁਹਾਵਰਾ ਪੂਰੀ ਤਰ੍ਹਾਂ ਕਾਇਮ ਰਹਿੰਦਾ ਹੈ।

‘ਜਿਨੁ ਸਚਿ ਪਲੈ ਹੋਇ’ ਪੰਜਾਬੀ ਸਟੇਜ ਦਾ ਸਭ ਤੋਂ ਵੱਧ ਮਕਬੂਲ ਨਾਟਕ ਹੈ। ‘ਸਭ ਕਿਛੁ ਹੋਤ ਉਪਾਇ’ ਦੀ ਸਫਲਤਾ ਨੇ ਇਹ ਤਾਂ ਸਾਬਤ ਕਰ ਦਿੱਤਾ ਸੀ ਕਿ ਗੁਰੂ ਦੀ ਬਾਣੀ ਨੂੰ ਨਾਇਕ ਬਣਾ ਕੇ ਉਨ੍ਹਾਂ ਦੇ ਆਪਣੇ ਸਰੂਪ ਨੂੰ ਜਾਂ ਕਿਸੇ ਹੋਰ ਇਤਿਹਾਸਕ-ਧਾਰਮਿਕ ਸ਼ਖਸੀਅਤ ਨੂੰ ਸਟੇਜ ਉਤੇ ਲਿਆਏ ਬਗੈਰ ਇਕ ਸਫਲ ਨਾਟਕ ਉਸਾਰਿਆ ਜਾ ਸਕਦਾ ਹੈ, ਪਰ ਇਸ ਨਾਟਕ ਦੀ ਪਹਿਲੇ ਨਾਟਕ ਦੇ ਮੁਕਾਬਲੇ ਵੱਧ ਸਫਲਤਾ ਦਾ ਕਾਰਨ ਇਸ ਦਾ ਸ਼ਕਤੀਸ਼ਾਲੀ ਸਮਾਜਿਕ ਸੁਨੇਹਾ ਹੈ, ਜੋ ਹਰ ਪੜਾਅ ਉਤੇ ਸਮਕਾਲ ਦੇ ਹਾਣ ਦਾ ਹੋ ਨਿਬੜਦਾ ਹੈ। ਨਾਟਕ ਦੇ ਦੋ ਭਾਗ ਹਨ। ਪਹਿਲੇ ਭਾਗ ਵਿਚ ਇਕ ਕਿਸਾਨ ਬੜੀ ਮਿਹਨਤ ਨਾਲ ਆਪਣਾ ਘਰ ਚਲਾ ਰਿਹਾ ਹੈ। ਜਰਵਾਣੇ ਉਸ ਦੀ ਮਿਹਨਤ ਲੁੱਟਦੇ ਹਨ। ਉਹ ਬੇਵੱਸ ਹੈ। ਉਸ ਦੀ ਜ਼ਿੰਦਗੀ ਵਿਚ ਮੋੜ ਉਸ ਵੇਲੇ ਆਉਂਦਾ ਹੈ ਜਦੋਂ ਉਹ ਕਰਤਾਰਪੁਰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰ ਕੇ ਆਉਂਦਾ ਹੈ। ਹੁਣ ਉਹ ਜ਼ੁਲਮ ਅੱਗੇ ਗੋਡੇ ਨਹੀਂ ਟੇਕਦਾ ਸਗੋਂ ਜ਼ੁਲਮ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਦਾ ਹੈ। ਉਹ ਹਾਕਮ ਦੀ ਹਾਜ਼ਰੀ ਵਿਚ ਪਾਠ ਕਰਦਾ ਇਹ ਤੁਕ ਪੜ੍ਹਦਾ ਹੈ ‘ਰਾਜੇ ਸ਼ੀਂਹ ਮੁਕੱਦਮ ਕੁੱਤੇ’। ਉਹ ਇਹ ਕਹਿਣ ਦੀ ਤਾਂ ਹੀ ਜੁਰਅਤ ਕਰਦਾ ਹੈ ਕਿਉਂਕਿ ਉਹਦੇ ਪੱਲੇ ਸੱਚ ਹੈ। ‘ਸੱਚ ਸਭਨਾ ਹੋਇ ਦਾਰੂ, ਪਾਪ ਕਢੇ ਧੋਇ, ਨਾਨਕ ਵਖਾਣੈ ਬੇਨਤੀ, ਜਿਨੁ ਸਚਿ ਪਲੈ ਹੋਇ’। ਇਹ ਨਾਟਕ ਗੁਰੂ ਨਾਨਕ ਦੇਵ ਜੀ ਦੇ ਸ਼ਕਤੀਸ਼ਾਲੀ ਮਾਨਵਵਾਦੀ ਸੁਨੇਹੇ ਨੂੰ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਕਰਦਾ ਹੈ ਅਤੇ ਨਾਲ ਹੀ ਨਾਟਕ ਕਲਾ ਦੀਆਂ ਜ਼ਰੂਰਤਾਂ ਨੂੰ ਪੂਰੀ ਤਰ੍ਹਾਂ ਪੂਰਾ ਕਰਦਾ ਹੈ।

ਇਸੇ ਤਰ੍ਹਾਂ ਫੁੱਲ ਦੇ ਨਾਟਕ ‘ਇਹ ਲਹੂ ਕਿਸ ਦਾ ਹੈ’ ਅਤੇ ‘ਬੰਦਾ ਬਹਾਦੁਰ’ ਹਨ। ਪਹਿਲੇ ਨਾਟਕ ਵਿਚ ਮਲਕ ਭਾਗੋ ਅਤੇ ਭਾਈ ਲਾਲੋ ਦੀ ਸਾਖੀ ਨੂੰ ਭੰਡਾਂ ਦੇ ਰਾਹੀਂ ਲੋਕ-ਨਾਟਕ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਅਤੇ ਦੂਜੇ ਵਿਚ ਲਛਮਣ ਦਾਸ ਦਾ ਬੰਦਾ ਬਹਾਦੁਰ ਤਕ ਦਾ ਸਫਰ ਨਾਟਕੀ ਜੁਗਤਾਂ ਰਾਹੀਂ ਪੇਸ਼ ਹੁੰਦਾ ਹੈ।

‘ਸਿਰ ਦੀਜੈ, ਕਾਣਿ ਨ ਕੀਜੈ’ ਤੋਂ ਸ਼ੁਰੂ ਕਰ ਕੇ ਗੁਰਦਿਆਲ ਸਿੰਘ ਫੁੱਲ ਦੇ ਨਾਟਕਾਂ ਦੀ ਵਿਚਾਰ-ਚਰਚਾ ਇਸੇ ਕਰ ਕੇ ਕੀਤੀ ਗਈ ਹੈ ਕਿ ਨਾਟਕਾਂ ਵਿਚ ਆਪਣੇ ਵਿਰਸੇ ਦੀ ਗੱਲ ਕਰਦਿਆਂ ਸਿਰਫ ਸ਼ਰਧਾ ਨੂੰ ਹੀ ਕੇਂਦਰੀ ਨੁਕਤਾ ਨਾ ਮੰਨਿਆ ਜਾਏ, ਸਗੋਂ ਨਾਟਕੀ ਤੱਤਾਂ ਦਾ ਵੀ ਖਿਆਲ ਰੱਖਿਆ ਜਾਏ। ਨਾਟਕ ਦਾ ਆਪਣਾ ਮੁਹਾਵਰਾ ਹੈ ਅਤੇ ਇਹ ਗੁਰਦੁਆਰਾ ਸਾਹਿਬ ਵਿਚ ਸਾਖੀ ਸੁਣਾਉਣ ਤੋਂ ਵੱਖਰਾ ਹੈ। ‘ਸਿਰ ਦੀਜੈ, ਕਾਣਿ ਨ ਕੀਜੈ’ ਵਧੀਆ ਅਦਾਕਾਰੀ ਵਾਲੀ ਇਕ ਵਧੀਆ ਪੇਸ਼ਕਾਰੀ ਸੀ ਪਰ ਨਾਟਕੀ ਤੱਤਾਂ ਦੀ ਘਾਟ ਕਰ ਕੇ ਇਹ ਆਪਣਾ ਲੋੜੀਂਦਾ ਪ੍ਰਭਾਵ ਨਹੀਂ ਛੱਡ ਸਕੀ।